بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 07.09.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਹਰ ਇਕ ਨੂੰ ਆਪਣੀ ਸੋਚ ਵਿੱਚ ਇਹ ਗੱਲ ਚੰਗੀ ਤਰ੍ਹਾਂ ਬਿਠਾ ਲੈਂਣੀ ਚਹੀਦੀ ਹੈ ਕਿ ਇਹ ਜਲਸਾ ਖ਼ਾਲਸ ਰੂਹਾਨੀ ਜਲਸਾ ਹੈ
ਇਸ ਦਾ ਆਯੋਜਨ ਕੇਵਲ ਇਸ ਲਈ ਕੀਤਾ ਜਾਂਦਾ ਹੈ ਕਿ ਅਸੀਂ ਤਕਵਾ (ਸੰਜਮਤਾ) ਵਿੱਚ ਵਧੀਏ ਅਤੇ ਰੱਬ ਨਾਲ ਸੰਬੰਧ ਪੈਦਾ ਕਰੀਏ ਅਤੇ ਇਸ ਵਿੱਚ ਤਰੱਕੀ ਕਰੀਏ । ਮੈਂ ਕਰਕੁਨਾ (ਸੇਵਕਾਂ) ਜਾਂ ਮੇਜ਼ਬਾਨਾ ਨੂੰ ਧਿਆਨ ਦੁਆਉਂਦਾ ਹਾਂ ਕਿ ਆਪਣੇ ਜਜ਼ਬਾਤਾਂ (ਭਾਵਨਾਵਾਂ) ਨੂੰ ਕੰਟ੍ਰੋਲ ਵਿਚ ਰਖੱਣ, ਹਰ ਅਵਸਥਾ ਵਿੱਚ ਮਹਿਮਾਨਾ ਦਾ ਖ਼ਿਆਲ ਰਖੱਣਾ ਹੈ, ਨਰਮ ਤੇ ਮਿੱਠੀ ਭਾਸ਼ਾ ਵਰਤਨੀ ਹੈ, ਵਿਨਮ੍ਰਤਾ ਦਿਖਾਉਂਣੀ ਹੈ ਆਉਣ ਵਾਲੇ ਮਹਿਮਾਨ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਇਸ ਜਲਸੇ ਵਿੱਚ ਇਸ ਲਈ ਸ਼ਾਮਲ ਹੋ ਰਹੇ ਹਨ ਕਿ ਦਿਲਾਂ ਵਿੱਚ ਤਕਵਾ ਪੈਦਾ ਕਰਨਾ ਹੈ, ਆਪਣੀ ਵਿਦਿਅਕ, ਕਰਮਕ ਅਤੇ ਆਤਮਕਤਾ ਨੂੰ ਬਿਹਤਰ ਬਨਾਉਂਣਾ ਹੈ, ਜੇਕਰ ਇਹ ਉਦੇਸ਼ ਹੋਵੇਗਾ ਤਾਂ ਕਿਸੇ ਪ੍ਰਕਾਰ ਦੀ ਰੰਜਸ਼ ਤੇ ਸ਼ਿਕਾਇਤ ਕਾਰਕੁਨਾ ਨਾਲ ਪੈਦਾ ਹੀ ਨਹੀਂ ਹੋਵੇਗੀ ।

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 7 ਸਤੰਬਰ 2018 ਈ. ਨੂੰ ਕਾਰਲਸਰੋਏ ਜਲਸਾਗਾਹ ਜਰਮਨੀ ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਲਹਮਦੁਲਿਲੱਾਹ ! ਅੱਜ ਤੋਂ ਜਮਾਤ ਅਹਮਦੀਆ ਜਰਮਨੀ ਦਾ ਸਾਲਾਨਾ ਜਲਸਾ ਸ਼ੁਰੂ ਹੋ ਰਿਹਾ ਹੈ ਅਤੇ ਰੱਬ ਸਾਨੂੰ ਇਕ ਹੋਰ ਸਾਲਾਨਾ ਜਲਸੇ ਵਿੱਚ ਭਾਗ ਲੈਂਣ ਦਾ ਸੁਅਵਸਰ ਪ੍ਰਦਾਨ ਕਰ ਰਿਹਾ ਹੈ । ਜਲਸਾ ਸਾਲਾਨਾ ਕੀ ਹੈ ? ਜਲਸਾ ਸਾਲਾਨਾ ਦਾ ਉਦੇਸ਼ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਵਰਨਣ ਕਰਦਿਆਂ ਹੋਇਆਂ

ਫ਼ਰਮਾਉਂਦੇ ਹਨ ਕਿ ਇਹ ਜਲਸਾ ਕੋਈ ਸੰਸਾਰਕ ਮੇਲਾ ਨਹੀਂ ਹੈ ਅਤੇ ਨ ਹੀ ਇੱਥੇ ਇਕਤੱਰ ਹੋਣਾ ਕਿਸੇ ਸੰਸਾਰਕ ਮੰਤਵ ਜਾਂ ਗਿਣਤੀ ਦਿਖਾਉਣ ਲਈ ਹੈ ਜਾਂ ਦੁਨੀਆ ਉਪੱਰ ਅਪਣਾ ਕੋਈ ਸੰਸਾਰਕ ਪ੍ਰਭਾਵ ਪਾਉਣ ਲਈ ਹੈ ਸਗੋਂ ਇੱਥੇ ਇਕੱਠੇ ਹੋਣ ਵਾਲਿਆਂ ਨੂੰ ਨਿਰੋਲ ਰੱਬ ਖ਼ਾਤਰ ਇਕਤੱਰ ਹੋਣਾ ਚਾਹੀਦਾ ਹੈ ਤਾਂ ਜੋ ਆਪਣੇ ਗਿਆਨ ਅਤੇ ਆਤਮਕ ਤ੍ਰੇਹ ਨੂੰ ਬੁਝਾਉਣ ਵਾਲੇ ਹੋਣ, ਆਪਣੇ ਗਿਆਨ ਤੇ ਆਤਮਕਤਾ ਵਿੱਚ ਵਾਧਾ ਕਰਨ ਵਾਲੇ ਹੋਣ, ਓਥੇ ਹੀ ਆਪਣੇ ਬੰਦਿਆਂ ਦੇ ਹੱਕ ਪੂਰੇ ਕਰਨ ਵਾਲੇ ਹੋਣ । ਪਰ ਮੈਨੂੰ ਇਹ ਕਹਿੰਦਿਆਂ ਹੋਇਆਂ ਦੁੱਖ ਹੈ ਕਿ ਇੱਥੇ ਕੁਝ ਲੋਕ ਆਉਂਦੇ ਤਾਂ ਹਨ ਜਲਸੇ ਵਿੱਚ ਭਾਗ ਲੈਂਣ ਲਈ ਪਰ ਹਾਸਲ ਕੁਝ ਨਹੀਂ ਕਰਦੇ ਸਿਵਾਏ ਇਸ ਦੇ ਕਿ ਕੁਝ ਮਿੱਤਰਾਂ ਨੂੰ ਮਿਲ ਲਿਆ ਅਤੇ ਕੁਝ ਸ਼ੁਗ਼ਲ ਦੀਆਂ ਗਲੱਾਂ ਕਰ ਲਈਆਂ । ਅਜਿਹੇ ਲੋਕ ਫਿਰ ਕੁਝ ਸਮੱਸਿਆਵਾਂ ਵੀ ਖੜੀਆਂ ਕਰਦੇ ਹਨ । ਕਈ ਨੌਜੁਆਨਾ ਤੇ ਬੱਚਿਆਂ ਲਈ ਠੋਕਰ ਦਾ ਸਬਬ ਵੀ ਬਣਦੇ ਹਨ । ਕਈ ਅਤਿ ਘ੍ਰਿਣਤ ਹਰਕਤਾਂ ਵੀ ਕਰ ਬਹਿੰਦੇ ਹਨ ਅਤੇ ਸਮਝਦੇ ਹਨ ਕਿ ਸਾਨੂੰ ਕੋਈ ਨਹੀਂ ਦੇਖ ਰਿਹਾ । ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਰੱਬ ਸਾਨੂੰ ਹਮੇਸ਼ਾ ਤੇ ਹਰ ਸਮੇਂ ਦੇਖ ਰਿਹਾ ਹੈ । ਸੋ, ਸਭ ਤੋਂ ਪਹਿਲੀ ਗੱਲ ਜੋ ਮੈਂ ਅੱਜ ਆਖਣੀ ਚਾਹੁੰਦਾ ਹਾਂ ਇਹ ਹੈ ਕਿ ਹਰ ਇਕ ਨੂੰ ਆਪਣੀ ਸੋਚ ਵਿੱਚ ਇਹ ਗੱਲ ਚੰਗੀ ਤਰ੍ਹਾਂ ਬਿਠਾ ਲੈਂਣੀ ਚਾਹੀਦੀ ਹੈ ਕਿ ਇਹ ਜਲਸਾ ਸਾਲਾਨਾ ਖ਼ਾਲਸ ਰੂਹਾਨੀ ਜਲਸਾ ਹੈ, ਇਸ ਦਾ ਆਯੋਜਨ ਇਸ ਲਈ ਕੀਤਾ ਜਾਂਦਾ ਹੈ ਕਿ ਅਸੀਂ ਤਕਵਾ ਵਿੱਚ ਵੱਧੀਏ ਅਤੇ ਰੱਬ ਨਾਲ ਸੰਬੰਧ ਪੈਦਾ ਕਰੀਏ ਅਤੇ ਇਸ ਵਿੱਚ ਤਰੱਕੀ ਕਰੀਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਲਸੇ ਦਾ ਮੂਲ ਮੁਦੱਾ ਅਤੇ ਉਦੇਸ਼ 'ਤਕਵਾ' ਵਰਨਣ ਕੀਤਾ ਹੈ, ਅਤੇ ਤਕਵਾ (ਸੰਜਮਤਾ) ਬਾਰੇ ਜਮਾਤ ਨੂੰ ਨਸੀਹਤ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਤਕਵਾ ਹਰ ਚੀਜ਼ ਦੀ ਜੜ੍ਹ ਹੈ । ਤਕਵਾ ਦੇ ਅਰਥ ਹਨ ਹਰ ਇਕ ਸੂਖ਼ਮ ਤੋਂ ਸੂਖ਼ਮ ਪਾਪ ਤੋਂ ਬਚਣਾ । ਤਕਵਾ ਉਸਨੂੰ ਕਹਿੰਦੇ ਹਨ ਜਿਸ ਵਿੱਚ ਬਦੀ ਦੀ ਸ਼ੰਕਾ ਵੀ ਹੋਵੇ ਤਾਂ ਉਸ ਤੋਂ ਵੀ ਬਚੋ । ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਹਰ ਇਕ ਆਪਣਾ ਜਾਇਜ਼ਾ (ਪੜਤਾਲ) ਲਏ ਤਾਂ ਆਪ ਹੀ ਆਪਣਾ ਹਿਸਾਬ ਹੋ ਜਾਏਗਾ ਕਿ ਕੀ ਇਸ ਪਰੀਭਾਸ਼ਾ ਅਨੁਸਾਰ ਅਸੀਂ ਸੂਖ਼ਮ ਤੋਂ ਸੂਖ਼ਮ ਪਾਪ ਤੋਂ ਬਚਣ ਦਾ ਜਤਨ ਕਰਦੇ ਹਾਂ ਅਤੇ ਜਿਸ ਗੱਲ ਵਿੱਚ ਬੁਰਾਈ ਦੀ ਸ਼ੰਕਾ ਵੀ ਹੋਵੇ ਉਸ ਤੋਂ ਬਚਣ ਦਾ ਜਤਨ ਕਰਦੇ ਹਾਂ ? ਵਰਨਾ ਭਾਸ਼ਣ ਸੁਣਨਾ ਅਤੇ ਵਕਤੀ ਜੋਸ਼ ਦਿਖਾਉਣਾ ਅਤੇ ਨਾਅਰੇ ਲਾਉਣਾ ਕੋਈ ਅਰਥ ਨਹੀਂ ਰਖੱਦਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਤਕਵਾ (ਸੰਜਮਤਾ) ਦਾ ਪ੍ਰਭਾਵ ਇਸੇ ਦੁਨੀਆ ਵਿੱਚ ਮੁਤੱਕੀ (ਸੰਜਮੀ) ਉਪੱਰ ਅਰੰਭ ਹੋ ਜਾਂਦਾ ਹੈ । ਜਿਵੇਂ ਵਿਸ਼ ਦਾ ਪ੍ਰਭਾਵ ਅਤੇ ਇਲਾਜ ਦਾ ਪ੍ਰਭਾਵ ਝੱਟ ਸ਼ਰੀਰ ਉਪੱਰ ਹੁੰਦਾ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਹੋ ਹੀ ਨਹੀਂ ਸਕਦਾ ਕਿ ਮਨੁੱਖ ਸੰਜਮਤਾ ਉਪੱਰ ਚਲੱਣ ਵਾਲਾ ਹੋਵੇ ਅਤੇ ਉਸ ਦਾ ਪ੍ਰਭਾਵ ਪ੍ਰਕਟ ਨ ਹੋ ਰਿਹਾ ਹੋਵੇ, ਤਕਵਾ (ਸੰਜਮਤਾ) ਉਪੱਰ ਚਲੱਣ ਵਾਲਾ ਕਦੇ ਬੁਰਾਈ ਦੇ ਨੇੜੇ ਜਾ ਹੀ ਨਹੀਂ ਸਕਦਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮੈਂ ਇਹ ਸਾਰੀਆਂ ਗਲੱਾਂ ਵਾਰ ਵਾਰ ਇਸ ਲਈ ਕਹਿੰਦਾ ਹਾਂ ਕਿ ਰੱਬ ਨੇ ਜੋ ਇਸ ਜਮਾਤ ਨੂੰ ਬਨਾਉਣਾ ਚਾਹਿਆ ਹੈ ਤਾਂ ਇਸ ਤੋਂ ਇਹੀ ਉਦੇਸ਼ ਰੱਖਿਆ ਹੈ ਕਿ ਉਹ ਹਕੀਕੀ ਮਆਰਫ਼ਤ ਜੋ ਸੰਸਾਰ ਵਿੱਚੋਂ ਲੁਪਤ ਹੋ ਚੁਕੀ ਹੈ, ਉਸ ਨੂੰ ਮੁੜ ਕਾਇਮ ਕਰੇ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਜੋ ਰੱਬ ਦੀ ਇਛੱਾ ਅਨੁਸਾਰ ਅਤੇ ਪਵਿੱਤਰਤਾ ਨੂੰ ਬਣਾਈ ਰਖੱਣ ਦਾ ਜਤਨ ਕਰੇਗਾ, ਉਹੋ ਹੀ ਸਫ਼ਲ ਹੋਵੇਗਾ, ਉਹੋ ਹੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਨਜ਼ਰ ਵਿੱਚ ਹਕੀਕੀ ਅਹਮਦੀ ਹੈ ਅਤੇ ਉਹੋ ਹੀ ਇਸ ਜਲਸੇ ਦੇ ਉਦੇਸ਼ ਨੂੰ ਪੂਰਾ ਕਰਨ ਵਾਲਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜਲਸੇ ਵਿੱਚ ਸ਼ਾਮਲ ਹੋਣ ਵਾਲੇ ਦੋਹਾਂ ਤਬਕਿਆਂ ਨੂੰ ਇਹਨਾਂ ਮਾਪਦੰਡਾਂ ਉਪੱਰ ਆਪਣੇ ਆਪਨੂੰ ਪਰਖਣਾ ਹੋਵੇਗਾ ਜੋ ਮੇਜ਼ਬਾਨ ਹਨ ਉਹਨਾਂ ਨੂੰ ਵੀ ਅਤੇ ਜੋ ਮਹਿਮਾਨ ਹਨ ਉਹਨਾ ਨੂੰ ਵੀ। ਇਹਨਾਂ ਦੋਹਾਂ ਵਿੱਚ ਤਕਵਾ (ਸੰਜਮਤਾ) ਹੋਵੇਗਾ ਤਾਂ ਇਹ ਵਿਸ਼ੇਸ਼ਤਾਈਆਂ ਪੈਦਾ ਹੋਣ ਗੀਆਂ । ਸੋ, ਇਸ ਹਵਾਲੇ ਨਾਲ ਦੋਹਾਂ ਨੂੰ ਮੈਂ ਉਹਨਾਂ ਦੀਆਂ ਜ਼ਿੱਮੇਦਾਰੀਆਂ ਅਤੇ ਕਰਤਵਾਂ ਵੱਲ ਧਿਆਨ ਦੁਆਉਣਾ ਚਾਹੁੰਦਾ ਹਾਂ । ਜੇਕਰ ਦੋਹਾਂ ਵਿੱਚ ਇਹ ਗੁਣ ਪੈਦਾ ਹੋ ਜਾਣ ਤਾਂ ਜਲਸੇ ਦਾ ਵਾਤਾਵਰਣ ਵੀ ਆਨੰਦ ਭਰਪੂਰ ਹੋਵੇਗਾ ਅਤੇ ਜਲਸੇ ਉਪੱਰ ਆਉਣ ਦਾ ਉਦੇਸ਼ ਵੀ ਪੂਰਾ ਹੋਵੇਗਾ । ਸਭ ਤੋਂ ਪਹਿਲਾਂ ਮੈਂ ਕਾਰਕੁਨਾ (ਸੇਵਕਾਂ) ਜਾਂ ਮੇਜ਼ਬਾਨਾ ਨੂੰ ਧਿਆਨ ਦੁਆਉਂਦਾ ਹਾਂ ਕਿ ਆਪਣੇ ਅੰਦਰ ਇਹ ਗੁਣ ਵਿਸ਼ੇਸ਼ ਰੂਪ ਵਿੱਚ ਪੈਦਾ ਕਰਨ ਦਾ ਜਤਨ ਕਰਨ । ਆਪਣੀਆਂ ਭਾਵਨਾਵਾਂ ਉਪੱਰ ਕੰਟ੍ਰੋਲ ਰਖੱਣ । ਹਰ ਹਾਲ ਵਿੱਚ ਮਹਿਮਾਨ ਦਾ ਖ਼ਿਆਲ ਰਖੱਣਾ ਹੈ । ਨਰਮ ਬੋਲੀ ਦੀ ਵਰਤੋਂ ਕਰਨੀ ਹੈ । ਉਹਦੇਦਾਰਾਂ ਅਤੇ ਸੇਵਕਾਂ ਦਾ ਪਹਿਲਾਂ ਫ਼ਰਜ਼ ਬਣਦਾ ਹੈ ਕਿ ਨਰਮ ਬੋਲੀ ਦੀ ਵਰਤੋਂ ਕਰਨ, ਵਿਨਮ੍ਰਤਾ ਦਿਖਾਉਣ ਅਤੇ ਹਰ ਅਵਸਥਾ ਵਿੱਚ ਮਹਿਮਾਨ ਦਾ ਖ਼ਿਆਲ ਰਖੱਣਾ ਹੈ ।

ਫਿਰ ਕਾਰਕੁਨਾ (ਸੇਵਕਾਂ) ਦੇ ਆਪਣੇ ਆਪਸੀ ਸੰਬੰਧ ਹਨ, ਇਸ ਵਿੱਚ ਵੀ ਪ੍ਰੇਮ, ਨੇਕੀ ਤੇ ਭਾਈਚਾਰਾ ਹੋਣਾ ਚਾਹੀਦਾ ਹੈ । ਮਹਿਮਾਨਾ ਲਈ ਵੀ ਅਤੇ ਆਪੋ ਵਿੱਚ ਸੰਬੰਧਾ ਵਿੱਚ ਵੀ । ਕੰਮ ਕਰਦਿਆਂ ਹੋਇਆਂ ਇਕ ਦੂਜੇ ਦੀਆਂ ਗਲੱਾਂ ਉਪੱਰ ਗੁੱਸੇ ਵਿੱਚ ਆ ਗਏ ਤਾਂ ਮਹਿਮਾਨਾਂ ਉਪੱਰ ਗ਼ਲਤ ਪ੍ਰਭਾਵ ਪਏਗਾ । ਕਾਰਕੁਨਾਂ ਨੂੰ ਹਮੇਸ਼ਾ ਚੇਤੇ ਰਖੱਰਾ ਚਾਹੀਦਾ ਹੈ ਕਿ ਜੱਦ ਆਪਣੇ ਆਪ ਨੂੰ ਕੁਝ ਦਿਨਾਂ ਦੀ ਸੇਵਾਂ ਲਈ ਪੇਸ਼ ਕਰ ਦਿਤੱਾ ਹੈ ਅਤੇ ਸੇਵਾ ਵੀ ਉਹ ਜੋ ਆਪਣੇ ਆਪ ਵਿੱਚ ਮਹਾਨਤਾ ਦਾ ਸਥਾਨ ਰਖੱਦੀ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨਾਂ ਦੀ ਸੇਵਾ ਹੈ ਇਸ ਵਿੱਚ ਆਪਣੇ ਰਵੱਈਏ ਅਜਿਹੇ ਰਖੱਣ ਕਿ ਨ ਕਿਸੇ ਮਹਿਮਾਨ ਨੂੰ ਕਸ਼ਟ ਪਹੁੰਚੇ ਅਤੇ ਨ ਕਿਸੇ ਕਾਰਕੁਨ (ਸੇਵਕ) ਨੂੰ ।

ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ : ( قُوْلُوْا لِلنَّاسِ حُسْنًا) 'ਕੂਲੂ ਲਿਨੱਾਸਿ ਹੁਸਨਾ' ਅਰਥਾਤ ਲੋਕਾਂ ਨਾਲ ਨਰਮੀ ਨਾਲ ਗਲੱਾਂ ਕਰੋ । ਇਹ ਗੱਲ ਰੱਬ ਨੇ ਆਚਰਣ ਦੇ ਮਿਆਰ ਨੂੰ ਕਾਇਮ ਕਰਨ ਲਈ ਦੱਸੀ ਹੈ । ਇਹ ਇਕ ਸਾਧਾਰਣ ਜਿਹੀ ਹਿਦਾਇਤ ਹੈ, ਇਕ ਮੋਮਨ ਨੂੰ ਹਰ ਸਮੇਂ ਹੀ ਉਤੱਮ ਆਚਰਣ ਦਾ ਪ੍ਰਦਰਸ਼ਨ ਕਰਨ ਵਾਲਾ ਹੋਣਾ ਚਾਹੀਦਾ ਹੈ ਪਰ ਵਿਸ਼ੇਸ਼ ਹਾਲਾਤਾਂ ਵਿੱਚ ਜੱਦ ਕਿ ਸੇਵਕਾਂ ਨੇ ਆਪਣੇ ਆਪ ਨੂੰ ਜਲਸੇ ਦੇ ਮਹਿਮਾਨਾਂ ਲਈ ਸੇਵਾ ਲਈ ਪੇਸ਼ ਕੀਤਾ ਹੈ । ਜੇਕਰ ਕਿਸੇ ਗ਼ਲਤ ਤਰੀਕੇ ਨਾਲ ਜਾਂ ਸਖ਼ਤੀ ਨਾਲ ਗੱਲ ਕਰ ਦਿੱਤੀ ਅਤੇ ਗ਼ਲਤ ਗੱਲ ਕਰਨ ਵਾਲਾ ਜੱਦ ਦੇਖੇਗਾ ਕਿ ਕਾਰਕੁਨ ਇਸ ਦਾ ਉਤੱਰ ਨਰਮੀ ਨਾਲ ਅਤੇ ਉਤੱਮ ਅਖ਼ਲਾਕ ਨਾਲ ਦੇ ਰਹੇ ਹਨ ਤਾਂ ਇਹ ਕਰਮ ਆਪਣੇ ਆਪ ਦੂਜੇ ਨੂੰ ਉਸ ਦੀ ਗ਼ਲਤੀ ਦਾ ਅਨੁਭਵ ਕਰਾਕੇ ਕਰਮ ਰੂਪੀ ਸੀਖ ਦੇਣ ਵਾਲਾ ਹੋਵੇਗਾ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹੈ ਕਿ ਮੇਜ਼ਬਾਨ ਵਿੱਚ ਹੁਸਨੇ ਖ਼ਲਕ (ਚੰਗੇ ਅਖ਼ਲਾਕ ਨਾਲ ਪੇਸ਼ ਆਉਣ) ਤੋਂ ਵੱਧ ਭਾਰ ਰਖੱਣ ਵਾਲੀ ਕੋਈ ਚੀਜ਼ ਨਹੀਂ ।

ਸੋ, ਪਹਿਲੀ ਗੱਲ, ਹਰ ਕਾਰਕੁਨ ਨੂੰ ਆਪਣੇ ਪੱਲੇ ਬਨ੍ਹਕੇ ਉਸ'ਤੇ ਅਮਲ ਕਰਨ ਵਾਲੀ ਜੋ ਹੈ ਉਹ ਇਹੋ ਹੈ ਕਿ ਉਤੱਮ ਅਖ਼ਲਾਕ ਉਸਦੇ ਹੋਣ । ਸੋ, ਦੇਖੋ ਕਿ ਕਿੰਨ੍ਹਾ ਸਸਤਾ ਸੌਦਾ ਹੈ । ਜੇਕਰ ਕੋਈ ਆਖੇ ਕਿ ਡਿਊਟੀ ਦੇ ਭਾਰ ਕਰਕੇ ਜਾਂ ਫ਼ਲਾਣੇ ਵਿਕਅਤੀ ਦੇ ਅਤਿਅੰਤ ਗ਼ਲਤ ਰਵੱਈਏ ਕਰਕੇ ਮੈਂਨੂੰ ਵੀ ਗੁਸੱਾ ਆ ਗਿਆ ਤਾਂ ਸਾਨੂੰ ਹਮੇਸ਼ਾਂ ਆਪਣੇ ਆਕਾ ਤੇ ਮੌਲਾ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਵੱਲ ਦੇਖਣਾ ਚਾਹੀਦਾ ਹੈ ਜਿੰਨ੍ਹਾ ਬਾਰੇ ਰੱਬ ਫ਼ਰਮਾਉਂਦਾ ਹੈ ਕਿ ਉਹ ਤੁਹਾਡੇ ਲਈ ਚੰਗੇ ਆਚਰਣ ਦੀ ਉਧਾਰਣ ਹਨ । ਕਿਹੜਾ ਕਸ਼ਟ ਸੀ

ਜੋ ਆਪਨੂੰ ਨਹੀਂ ਪਹੁੰਚਿਆ, ਕਿਹੜਾ ਦੁੱਖ ਸੀ ਜੋ ਆਪ ਨੂੰ ਨਹੀਂ ਹੋਇਆ ਪਰ ਇਹਨਾਂ ਸਾਰਿਆਂ ਦੇ ਹੁੰਦਿਆਂ ਹੋਇਆਂ ਵੀ ਸਹਾਬਾ ਵਰਨਣ ਕਰਦੇ ਹਨ ਕਿ ਅਸੀਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਤੋਂ ਵੱਧ ਕਿਸੇ ਨੂੰ ਮੁਸਕਰਾਉਂਦਿਆਂ ਨਹੀਂ ਦੇਖਿਆ, ਇਹ ਹੈ ਨਮੂਨਾ ਸਾਡੇ ਆਕਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜੋ ਮਹਿਮਾਨਾ ਨਾਲ ਚੰਗੇ ਵਿਵਹਾਰ ਲਈ ਸਾਨੂੰ ਨਸੀਹਤ ਕੀਤੀ ਹੈ ਉਸ ਨੂੰ ਵੀ ਹਰ ਕਾਰਕੁਨ ਨੂੰ ਆਪਨੇ ਸੰਮੁੱਖ ਰਖਣੀ ਚਾਹੀਦੀ ਹੈ । ਆਪ ਨੇ ਫ਼ਰਮਾਇਆ ਕਿ ਮਹਿਮਾਨ ਦਾ ਮਨ ਦਰਪਨ ਵਾਂਗ ਹੁੰਦਾ ਹੈ ਰਤਾ ਜਿਹੀ ਠੋਕਰ ਨਾਲ ਟੁੱਟ ਜਾਂਦਾ ਹੈ । ਮਹਿਮਾਨਾ ਦੀ ਸੇਵਾ ਕਰਨ ਵਾਲਿਆਂ ਨੂੰ ਸਾਧਾਰਣਤਾ ਨਿਰਦੇਸ਼ ਦਿੰਦਿਆਂ ਹੋਇਆਂ ਆਪ ਨੇ ਫ਼ਰਮਾਇਆ ਕਿ ਦੇਖੋ ਬਹੁਤ ਸਾਰੇ ਮਹਿਮਾਨ ਆਏ ਹੋਏ ਹਨ, ਇਹਨਾਂ ਵਿੱਚੋ ਅਨੇਕਾਂ ਨੂੰ ਤੁਸੀਂ ਪਛਾਣਦੇ ਹੋ ਅਤੇ ਅਨੇਕਾਂ ਨੂੰ ਨਹੀਂ ਪਛਾਣਦੇ, ਇਸ ਲਈ ਉਚਿਤ ਇਹ ਹੈ ਕਿ ਸਾਰਿਆਂ ਨੂੰ ਸਤਿਕਾਰ ਯੋਗ ਸਮਝਕੇ ਉਹਨਾਂ ਦੀ ਸੇਵਾ ਕਰੋ । ਸੋ ਮਹਿਮਾਨਾ ਦੀ ਮਹਿਮਾਨ ਨਵਾਜ਼ੀ ਵਿੱਚ ਕਿਸੇ ਵੀ ਪ੍ਰਕਾਰ ਦੀ ਘਾਟ ਨਹੀਂ ਹੋਣੀ ਚਾਹੀਦੀ, ਇਹ ਨ ਹੋਵੇ ਕਿ ਜਾਨਣ ਵਾਲਿਆਂ ਨਾਲ ਚੰਗਾ ਵਰਤਾਉ ਹੋ ਰਿਹਾ ਹੋਵੇ ਅਤੇ ਜਿੰਨ੍ਹਾ ਨੂੰ ਨਹੀਂ ਜਾਣਦੇ ਉਹਨਾਂ ਦਾ ਸਹੀ ਖ਼ਿਆਲ ਨ ਰੱਖਿਆ ਜਾ ਰਿਹਾ ਹੋਵੇ ਜਾਂ ਉਹਨਾਂ ਨਾਲ ਰੁੱਖੇ ਤਰੀਕੇ ਨਾਲ ਮਿਲ ਰਹੇ ਹੋਣ । ਸੋ, ਇਸ ਪੱਖੋਂ ਵੀ ਆਪਣੀਆਂ ਜ਼ਿੱਮੇਦਾਰੀਆਂ ਨੂੰ ਸਮਝਣਾ ਹੈ ਅਤੇ ਫਿਰ ਵਿਸ਼ੇਸ਼ ਰੂਪ ਵਿੱਚ ਜੋ ਜਮਾਤ ਤੋਂ ਬਾਹਰ ਦੇ ਮਹਿਮਾਨ ਆਉਂਦੇ ਹਨ ਉਹਨਾਂ ਲਈ ਹਰ ਕਾਰਕੁਨ ਅਤੇ ਹਰ ਅਹਮਦੀ ਜੋ ਜਲਸੇ ਵਿੱਚ ਸ਼ਮਾਲ ਹੋ ਰਿਹਾ ਹੈ ਇਸਲਾਮ ਦੀ ਸੁੰਦਰ ਸਿੱਖਿਆ ਦਾ ਕਰਮ ਰੂਪੀ ਨਮੂਨਾ ਦਿਖਾਕੇ ਪ੍ਰਚਾਰ ਦਾ ਹਿਸੱਾ ਬਣਦਾ ਹੈ ।

ਸੋ, ਇਸ ਪੱਖੋਂ ਆਪ ਸਾਰੇ ਇਕ ਮੌਨ ਪ੍ਰਚਾਰ ਕਰ ਰਹੇ ਹੁੰਦੇ ਹਨ, ਭਾਗ ਲੈਂਣ ਵਾਲੇ ਵੀ ਅਤੇ ਡਿਊਟੀ ਕਰਨ ਵਾਲੇ ਵੀ । ਹਰ ਵਿਭਾਗ ਦੇ ਕਾਰਕੁਨ ਨੂੰ ਚੇਤਾ ਰਖੱਣਾ ਚਾਹੀਦਾ ਹੈ ਕਿ ਉਸ ਦਾ ਵਿਭਾਗ ਮਹਤੱਵਪੂਰਨ ਹੈ, ਜਿਵੇਂ ਕਿ ਮੈਂ ਕਿਹਾ ਕਿ ਟ੍ਰੈਫ਼ਿਕ ਕੰਟ੍ਰੋਲ ਦਾ ਕੰਮ ਹੈ ਜਾਂ ਪਾਰਕਿੰਗ ਦਾ ਵਿਭਾਗ ਹੈ ਰਜਿਸਟ੍ਰੇਸ਼ਨ ਅਤੇ ਸਕੈਨਿੰਗ ਦਾ ਵਿਭਾਗ ਹੈ ਜਾਂ ਖਾਣਾ ਬਨਾਉਣ ਦਾ ਜਾਂ ਖਾਣਾ ਖੁਆਉਣ ਦਾ ਵਿਭਾਗ ਹੈ ਸਫ਼ਾਈ ਤੇ ਪ੍ਰਦੂਸ਼ਨ ਦਾ ਵਿਭਾਗ ਹੈ ਜਾਂ ਡਿਸੀਪਲਨ ਕਾਇਮ ਕਰਨ ਦਾ ਵਿਭਾਗ ਹੈ । ਹਰ ਵਿਭਾਗ ਕੇਵਲ ਮਹਿਮਾਨਾ ਦੀ ਸੇਵਾ ਹੀ ਨਹੀਂ ਕਰ ਰਿਹਾ ਹੁੰਦਾ ਸਗੋਂ ਮੌਨ ਪ੍ਰਚਾਰ ਵੀ ਕਰ ਰਿਹਾ ਹੁੰਦਾ ਹੈ । ਸੋ ਆਪਣੀਆਂ ਡਿਊਟੀਆਂ ਦੀ ਇਸ ਮਹਤੱਾ ਨੂੰ ਸਮਝੋ । ਡਿਸੀਪਲਨ ਵਿੱਚ ਵੀ ਜ਼ਰੂਰੀ ਨਹੀਂ ਹੁੰਦਾ ਕਿ ਮੂੰਹ ਉਪੱਰ ਤਿਊੜੀਆਂ ਜਾਂ ਸਖ਼ਤੀ ਬਣਾਈ ਰੱਖੋ ਤਾਂ ਅਸਰ ਹੋਵੇਗਾ । ਇਸਤਰੀਆਂ ਵਿੱਚ ਵਿਸ਼ੇਸ਼ ਰੂਪ ਵਿੱਚ ਯੂ.ਕੇ. ਦੇ ਜਲਸੇ ਵਿੱਚ ਬੱਚੀਆਂ ਡਿਸਿਪਲਨ ਕਾਇਮ ਕਰਦੀਆਂ ਹਨ ਅਤੇ ਮੁਸਕਰਾਉਂਦੇ ਚਿਹਰਿਆਂ ਨਾਲ ਕਾਇਮ ਕਰਦੀਆਂ ਹਨ । ਇਸੇ ਪ੍ਰਕਾਰ ਵਿਸ਼ੇਸ਼ ਰੂਪ ਵਿੱਚ ਖਾਣਾ ਖਾਣ ਵਾਲੇ ਸਥਾਨ ਉਪੱਰ ਖਿਆਲ ਰਖੱਣ ਕਿ ਜੇਕਰ ਕੋਈ ਸਮੇਂ ਤੋਂ ਹਟੱਕੇ ਵੀ ਆ ਜਾਂਦਾ ਹੈ ਅਤੇ ਮਜਬੂਰੀ ਹੈ ਉਸ ਦੀ, ਰੋਗੀ ਹੈ ਜਾਂ ਬਚੱਾ ਰੋ ਰਿਹਾ ਹੈ, ਉਸਨੂੰ ਲੋੜ ਹੈ ਤਾਂ ਜਿਸ ਹੱਦ ਤੱਕ ਉਹਨਾਂ ਦੀ ਮਦਦ ਹੋ ਸਕਦੀ ਹੈ ਕਰਨੀ ਚਾਹੀਦੀ ਹੈ। ਜੇਕਰ ਨਹੀਂ ਕਰ ਸਕਦੇ ਤਾਂ ਖ਼ਮੋਸ਼ੀ ਨਾਲ ਚੰਗੇ ਆਚਰਣ ਨਾਲ ਉਤੱਰ ਦੇਣ ਅਤੇ ਖ਼ੁਸ਼ੀ ਨਾਲ ਉਤੱਰ ਦਿਓ । ਇਸੇ ਪ੍ਰਕਾਰ ਇਸ਼ਨਾਨ ਘਰਾਂ ਵਿੱਚ ਪੁਰੁਸ਼ਾਂ ਤੇ ਇਸਤਰੀਆਂ ਦੀ ਸਫ਼ਾਈ ਦਾ ਜੋ ਪ੍ਰਬੰਧ ਹੈ ਉੱਥੇ ਵੀ ਖ਼ਿਆਲ ਰਖੱਣਾ ਚਾਹੀਦਾ ਹੈ ।

ਆਉਣ ਵਾਲੇ ਮਹਿਮਾਨਾਂ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਇਸ ਜਲਸੇ ਵਿੱਚ ਇਸ ਲਈ ਸ਼ਾਮਲ ਹੋ ਰਹੇ ਹਨ ਕਿ ਮਨਾਂ ਵਿੱਚ ਤਕਵਾ (ਸੰਜਮਤਾ) ਪੈਦਾ ਕਰਨਾ ਹੈ ਅਤੇ ਆਪਨੇ ਗਿਆਨ, ਕਰਮ ਅਤੇ ਆਤਮਕ ਅਵਸਥਾ ਨੂੰ ਚੰਗਾ ਬਨਾਉਂਣਾ ਹੈ । ਸੋ, ਜੇਕਰ ਇਹ ਉਦੇਸ਼ ਸਾਹਮਣੇ ਹੋਵੇਗਾ ਤਾਂ ਕਿਸੇ ਪ੍ਰਕਾਰ ਦੀ ਰੰਜਸ਼ ਤੇ

ਸ਼ਿਕਾਇਤ ਦੂਸਰਿਆਂ ਨਾਲ ਅਤੇ ਵਿਸ਼ੇਸ਼ ਰੂਪ ਵਿੱਚ ਕੰਮ ਕਰਨ ਵਾਲਿਆਂ ਨਾਲ, ਕਾਰਕੁਨਾਂ ਨਾਲ ਪੈਦਾ ਹੀ ਨਹੀਂ ਹੋਵੇਗੀ ।

ਫ਼ਿਰ ਜਰਮਨੀ ਦੇ ਰਹਿਣ ਵਾਲੇ ਮਹਿਮਾਨਾਂ ਨੂੰ ਇਹ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਉਹ ਇਕ ਪੱਖੋਂ ਮਹਿਮਾਨ ਹਨ ਅਤੇ ਇਕ ਪੱਖੋਂ ਮੇਜ਼ਬਾਨ ਵੀ ਹਨ, ਜੋ ਬਾਹਰੋਂ ਆਉਣ ਵਾਲੇ ਹਨ ਉਹਨਾਂ ਦੀ ਖ਼ਾਤਰ ਉਹਨਾਂ ਨੂੰ ਕੁਰਬਾਨੀ ਦੇਣੀ ਚਾਹੀਦੀ ਹੈ । ਬੈਠਣ ਲਈ ਥਾਂ ਦੇਣੀ ਚਾਹੀਦੀ ਹੈ । ਖਾਣਾ ਖਾਣ ਸਮੇਂ ਜੇਕਰ ਉੱਥੇ ਥਾਂ ਦੀ ਤੰਗੀ ਹੈ ਤਾਂ ਥਾਂ ਦੇਣੀ ਹੈ ਜਾਂ ਕਿਸੇ ਪ੍ਰਕਾਰ ਦੀ ਮਦਦ ਦੀ ਲੋੜ ਹੈ ਤਾਂ ਉਹ ਕਰਤਵ ਹੈ ਆਪ ਸਾਰਿਆਂ ਦਾ ਕਿ ਉਹਨਾਂ ਦੀ ਮਦਦ ਕਰਨ । ਇਸੇ ਪ੍ਰਕਾਰ ਗ਼ੈਰ ਅਜ਼ ਜਮਾਤ (ਜਮਾਤ ਤੋਂ ਬਾਹਰ ਦੇ ਲੋਕ) ਮਹਿਮਾਨ ਜੋ ਆਏ ਹੋਏ ਹਨ ਉਹਨਾਂ ਨੂੰ ਵੀ ਹਰ ਅਹਮਦੀ ਨੂੰ ਆਪਣਾ ਨੇਕ ਨਮੂਨਾ ਦਿਖਾਉਣਾ ਚਾਹੀਦਾ ਹੈ । ਆਪ ਸਾਰਿਆਂ ਦੇ ਨਮੂਨੇ ਦੇਖਕੇ ਗ਼ੈਰਾਂ ਨੂੰ ਇਸਲਾਮੀ ਸਮਾਜ ਦੇ ਸੁੰਦਰ ਦ੍ਰਿਸ਼ ਦਿਖਾਈ ਦੇਣਗੇ ਜਿੱਥੇ ਹਰ ਅਹਮਦੀ ਵਿਨਮ੍ਰਤਾ, ਹਲੀਮੀ, ਪ੍ਰੇਮ ਤੇ ਭਾਈਚਾਰੇ ਦੀ ਉਧਾਰਣ ਕਾਇਮ ਕਰ ਰਿਹਾ ਹੋਵੇਗਾ, ਉਹ ਨਜ਼ਾਰੇ ਲੋਕਾਂ ਨੂੰ ਨਜ਼ਰ ਆਉਣਗੇ । ਇਸੇ ਪ੍ਰਕਾਰ ਬਜ਼ਾਰਾਂ ਵਿੱਚ ਵੀ ਉਸ ਸਮੇਂ ਜਾਣ ਜੱਦ ਸਮਾਂ ਹੋਵੇ । ਕਈ ਵਾਰ ਲੋਕ ਜ਼ੋਰ ਦਿੰਦੇ ਹਨ ਕਿ ਨਹੀਂ ਅਸੀਂ ਜਾਣਾ ਹੈ ਸਾਨੂੰ ਭੁੱਖ ਲੱਗੀ ਹੈ, ਉਹਨਾਂ ਲਈ ਮਹਿਮਾਨ ਨਵਾਜ਼ੀ ਦੇ ਵਿਭਾਗ ਨੂੰ ਪ੍ਰਬੰਧ ਰਖੱਣਾ ਚਾਹੀਦਾ ਹੈ । ਫਿਰ ਇਸਤਰੀਆਂ ਦਾ ਬਜ਼ਾਰ ਹੈ ਇਸ ਵਿੱਚ ਵੀ ਅਤੇ ਪੁਰੁਸ਼ਾਂ ਦੇ ਬਜ਼ਾਰ ਵਿੱਚ ਵੀ ਜਲਸੇ ਦੀ ਮਹਾਨਤਾ, ਪਵਿਤੱਰਤਾ ਅਤੇ ਵਾਤਾਵਰਣ ਨੂੰ ਸੰਮੁੱਖ ਰਖੱਣ । 'ਕੂਲੂ ਲਿਨੱਾਸਿ ਹੁਸਨਾ' (قُوْلُوْا لِلنَّاسِ حُسْنًا) ਦਾ ਜੋ ਕੁਰਆਨ ਕਰੀਮ ਦਾ ਆਦੇਸ਼ ਹੈ ਜੋ ਮੈਂ ਪਹਿਲਾਂ ਦੱਸਿਆ ਹੈ ਇਹ ਕੇਵਲ ਕਾਰਕੁਨਾ ਲਈ ਨਹੀਂ ਹੈ ਸਗੋਂ ਹਰ ਮੁਸਲਮਾਨ ਲਈ ਹੈ ਵਿਸ਼ੇਸ਼ ਰੂਪ ਵਿੱਚ ਹਰ ਅਹਮਦੀ ਨੂੰ ਇਸ ਗੱਲ ਨਾ ਖ਼ਿਆਲ ਰਖੱਣਾ ਚਾਹੀਰਦਾ ਹੈ ।

ਸੋ, ਕੁਰਆਨ ਕਰੀਮ ਦੇ ਆਦੇਸ਼ ਅਨੁਸਾਰ ਚੰਗੇ ਅਖ਼ਲਾਕ ਨਾਲ ਪੇਸ਼ ਆਓ । ਹਰ ਸ਼ਾਮਲ ਹੋਣ ਵਾਲੇ ਲਈ ਇਹ ਕੁਰਆਨ ਕਰੀਮ ਦਾ ਆਦੇਸ਼ ਹੈ । ਜਲਸੇ ਦੇ ਸਮਿਆਂ ਵਿੱਚ ਜੱਦ ਪ੍ਰੋਗਰਾਮ ਚਲ ਰਹੇ ਹੋਣ ਤਾਂ ਸਿਵਾਏ ਕਿਸੇ ਮਜਬੂਰੀ ਦੇ ਉਠੱਕੇ ਜਾਣਾ ਪਏ, ਜਲਸੇ ਦੀ ਕਾਰਵਾਈ ਸੁਣਨ । ਹਰ ਭਾਸ਼ਣ ਵਿੱਚ ਹਰ ਅਹਮਦੀ ਲਈ ਕੋਈ ਨ ਕੋਈ ਅਜਿਹੀ ਗੱਲ ਹੁੰਦੀ ਹੈ ਜੋ ਉਸ ਦੇ ਜੀਵਨ ਨੂੰ ਚੰਗਾ ਬਨਾਉਣ ਲਈ ਕੰਮ ਆ ਸਕਦੀ ਹੈ । ਇਸੇ ਪ੍ਰਕਾਰ ਜਲਸੇ ਦੌਰਾਨ ਵੀ ਅਤੇ ਚਲਦੇ ਫਿਰਦਿਆਂ ਵੀ ਇਹਨਾਂ ਦਿਨਾਂ ਵਿੱਚ ਜ਼ਿਕਰੇ ਇਲਾਹੀ (ਇਲਾਹੀ ਸਿਮਰਣ), ਦੁਰੂਦ ਸ਼ਰੀਫ਼ ਅਤੇ ਇਸਤਗ਼ਫ਼ਾਰ ਪੜ੍ਹਦੇ ਰਹਿਣ ਕਿ ਇਹ ਹਰ ਇਕ ਦੇ ਵਿਅਕਤੀਗਤ ਹਾਲਾਤਾਂ ਨੂੰ ਬਿਹਤਰ ਕਰਨ ਦਾ ਵੀ ਸਾਧਨ ਹਨ ਅਤੇ ਜਮਾਤ ਦੇ ਹਾਲਾਤ ਵੀ ਬਿਹਤਰ ਕਰਨ ਦਾ ਸਾਧਨ ਵੀ ਹੈ ਅਤੇ ਉਮੱਤੇ ਮੁਸਲਿਮਾ ਜਿਸ ਦੌਰ ਵਿੱਚੋਂ ਲੰਘ ਰਹੀ ਹੈ ਉਸ ਦੇ ਬਿਹਤਰ ਹਾਲਾਤਾਂ ਲਈ ਵੀ ਦੁਆਵਾਂ ਕਰਨ । ਅਹਮਦੀਆਂ ਉਪੱਰ ਬਹੁਤ ਵੱਡੀ ਜ਼ਿੰਮੇਦਾਰੀ ਲਾਗੂ ਹੁੰਦੀ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਉਪੱਰ ਦੁਰੂਦ ਭੇਜਣ ਅਤੇ ਇਸਲਾਮ ਦੀ ਤਰੱਕੀ ਲਈ ਦੁਆਵਾਂ ਕਰਨ । ਇਹਨਾਂ ਦੇਸ਼ਾਂ ਵਿੱਚ ਆਣਕੇ ਕੇਵਲ ਆਪਣੀਆਂ ਸੰਸਾਰਕ ਇਛੱਾਵਾਂ ਨੂੰ ਪੂਰਾ ਕਰਨ ਵਾਲਾ ਨ ਬਣ ਜਾਣ ਸਗੋਂ ਪਵਿੱਤਰ ਤਬਦੀਲੀ ਆਪਣੇ ਅੰਦਰ ਪੈਦਾ ਕਰਨ ਦਾ ਜਤਨ ਕਰਨ । ਦੁਰੂਦ ਤੋਂ ਬਿਨਾਂ ਜ਼ਿਕਰੇ ਇਲਾਹੀ ਨਾਲ ਆਪਣੇ ਮੁੱਖਾਂ ਨੂੰ ਸਿਮਰਣ ਕਰਦਾ ਰਖੱਣ । ਰੱਬ ਤੋਂ ਇਹ ਦੁਆਵਾਂ ਕਰਨ ਕਿ ਅਲੱਾਹ ਤਆਲਾ ਇਸ ਜਲਸੇ ਦੇ ਮੰਤਵਾਂ ਨੂੰ ਸਾਨੂੰ ਪੂਰਾ ਕਰਨ ਵਾਲਾ ਬਣਾਏ ਅਤੇ ਇਸ ਦੀਆਂ ਬਰਕਤਾਂ ਵਿੱਚੋਂ ਸਾਨੂੰ ਹਿਸੱਾ ਦੇਣ ਵਾਲਾ ਬਣਾਏ । ਇਸਤਰੀਆਂ ਆਪਣੇ ਬੱਚਿਆਂ ਅਤੇ ਪਤੀਆਂ ਲਈ ਦੁਆਵਾਂ ਕਰਨ ਕਿ ਰੱਬ ਉਹਨਾਂ ਨੂੰ ਹਮੇਸ਼ਾ ਧਰਮ ਉਪੱਰ ਕਾਇਮ ਰੱਖੇ । ਅਲੱਾਹ ਤਆਲਾ ਹਰ ਪ੍ਰਕਾਰ ਦੀਆਂ ਔਕੁੜਾਂ ਤੋਂ ਬਚਾ ਕੇ ਰੱਖੇ

ਜਿੰਨ੍ਹਾ ਨਾਲ ਧਰਮ ਨਸ਼ਟ ਹੋਣ ਦਾ ਖ਼ਤਰਾ ਹੋਵੇ ਹਮੇਸ਼ਾ ਸੁਮਾਰਗ ਉਪੱਰ ਚਲੱਣ ਵਾਲੇ ਹੋਣ । ਇਹਨਾਂ ਦਿਨਾਂ ਵਿੱਚ ਵਿਸ਼ੇਸ਼ ਰੂਪ ਵਿੱਚ ਅਤੇ ਸਾਧਾਰਣ ਤੋਰ'ਤੇ ਬਾਦ ਵਿੱਚ ਵੀ । ਨਮਾਜ਼ ਬਾ ਜਮਾਤ ਦੀ ਪਬੰਧੀ ਹੋਵੇ ਵਿਸ਼ੇਸ਼ ਰੂਪ ਵਿੱਚ ਇੱਥੇ ਰਹਿਣ ਵਾਲੇ ਫ਼ਜਰ ਦੀ ਨਮਾਜ਼ ਵਿੱਚ ਜ਼ਰੂਰ ਸ਼ਾਮਲ ਹੋਇਆ ਕਰਨ । ਅਲੱਾਹ ਤਆਲਾ ਹਰ ਇਕ ਨੂੰ ਆਪਣੀ ਰਜ਼ਾ ਅਨੁਸਾਰ ਜੀਵਨ ਲੰਘਾਉਣ ਦਾ ਸੰਜੋਗ ਪ੍ਰਦਾਨ ਕਰੇ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਵਿੱਚ ਸ਼ਾਮਲ ਹੋਣ ਦੀ ਰੂਹ (ਆਤਮਕਤਾ) ਨੂੰ ਸਮਝਦਿਆਂ ਹੋਇਆਂ ਇਸ ਦਾ ਹਕ ਪੂਰਾ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਜੱਦ ਤੱਕ ਸਾਡੀ ਜਮਾਤ ਤਕਵਾ (ਸੰਜਮਤਾ) ਨ ਧਾਰਣ ਕਰ ਲਏ ਮੁਕਤੀ ਨਹੀਂ ਪਾ ਸਕਦੀ, ਰੱਬ ਆਪਣੀ ਸੁਰੱਖਿਆ ਵਿੱਚ ਨ ਲੈ ਲਏਗਾ । ਫਿਰ ਆਪ ਫ਼ਰਮਾਉਂਦੇ ਹਨ ਘਰਾਂ ਨੂੰ ਜ਼ਿਕਰੇ ਇਲਾਹੀ (ਇਲਾਹੀ ਸਿਮਰਣ) ਨਾਲ ਭਰ ਦਿਓ, ਦਾਨ ਦਿਓ, ਖ਼ੈਰਾਤ ਦਿਓ, ਪਾਪਾਂ ਤੋਂ ਬਚੋ ਤਾਂ ਜੋ ਰੱਬ ਰਹਿਮ ਕਰੇ । ਰੱਬ ਕਰੇ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਛੱਾ ਅਨੁਸਾਰ ਆਪਣੇ ਜੀਵਨ ਲੰਘਾਉਣ ਵਾਲੇ ਹੋਈਏ, ਜਲਸੇ ਦੇ ਲਾਭਾਂ ਤੋਂ ਫ਼ੈਜ਼ ਹਾਸਲ ਕਰਨ ਵਾਲੇ ਹੋਈਏ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਦੁਆਵਾਂ ਜੋ ਆਪ ਨੇ ਆਪਣੇ ਜਲਸੇ ਵਿੱਚ ਸ਼ਾਮਲ ਹੋਣ ਵਾਲਿਆਂ ਲਈ ਕੀਤੀਆਂ ਹਨ ਉਹਨਾਂ ਵਿੱਚੋਂ ਹਿਸੱਾ ਪਾਉਣ ਵਾਲੇ ਹੋਈਏ ਅਤੇ ਇਹਨਾਂ ਦਿਨਾਂ ਵਿੱਚ ਵੀ ਹਿਸੱਾ ਪਾਉਣ ਵਾਲੇ ਹੋਈਏ ਅਤੇ ਬਾਦ ਵਿੱਚ ਵੀ ਅਸੀਂ ਇਹਨਾਂ ਦੇ ਵਾਰਸ ਬਣਦੇ ਰਹੀਏ । ਅਲੱਾਹ ਤਆਲਾ ਸਾਨੂੰ ਹਮੇਸ਼ਾ ਇਹਨਾਂ ਨੇਕੀਆਂ ਦੀ ਤੌਫ਼ੀਕ ਪ੍ਰਦਾਨ ਕਰਦਾ ਰਹੇ ।

**Khulasa Khutba Jumma 07.09.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131